ਅਧੀਨ ਸੇਵਾਵਾਂ ਚੋਣ ਬੋਰਡ,ਪੰਜਾਬ

ਵਣ ਭਵਨ,ਸੈਕਟਰ-68, ਐਸ.ਏ.ਐਸ.ਨਗਰ

(ਕਾਊਂਸਲਿੰਗ ਸਬੰਧੀ ਜਨਤਕ ਨੋਟਿਸ)

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਇਸ਼ਤਿਹਾਰ ਨੰ: 06/2012 ਅਧੀਨ ਉਪਵੈਦ ਦੀਆਂ 85 ਅਸਾਮੀਆਂ ਦੀ ਭਰਤੀ ਲਈ ਮਿਤੀ 03.11.2012 ਨੂੰ ਵੱਖ-ਵੱਖ ਅਖਬਾਰਾਂ ਵਿੱਚ ਪ੍ਰਕਾਸ਼ਿਤ ਇਸ਼ਤਿਹਾਰ ਰਾਹੀਂ ਅਰਜ਼ੀਆਂ ਦੀ ਮੰਗ ਕੀਤੀ ਗਈ ਸੀ। ਇਸ ਤੋਂ ਬਾਦ ਮਿਤੀ 21/12/2020 ਤੋਂ ਮਿਤੀ 24/12/2020 ਤੱਕ ਇਨ੍ਹਾਂ ਅਸਾਮੀਆਂ ਦੀ ਭਰਤੀ ਲਈ ਕਾਊਂਸਲਿੰਗ ਕਰਵਾਉਣ ਉਪਰੰਤ ਯੋਗ ਪਾਏ ਗਏ ਉਮੀਦਵਾਰਾਂ ਦੀਆਂ ਸਿਫਾਰਿਸ਼ਾਂ ਕਰ ਦਿੱਤੀਆਂ ਗਈਆਂ ਸਨ। ਇਨ੍ਹਾਂ 85 ਅਸਾਮੀਆਂ ਵਿੱਚੋਂ ਵੱਖ-ਵੱਖ ਕੈਟਾਗਰੀ ਦੀਆਂ ਕੁੱਝ ਅਸਾਮੀਆਂ ਖਾਲੀ ਰਹਿ ਜਾਣ ਕਾਰਨ ਹੁਣ ਅਧੀਨ ਸੇਵਾਵਾਂ ਚੋਣ ਬੋਰਡ,ਪੰਜਾਬ ਵੱਲੋਂ ਇਨ੍ਹਾਂ ਖਾਲੀ ਹੋਈਆਂ ਅਸਾਮੀਆਂ ਦੀ ਭਰਤੀ ਲਈ ਕਾਊਂਸਲਿੰਗ ਕੀਤੀ ਜਾਣੀ ਹੈ।

2. ਇਸ਼ਤਿਹਾਰ ਨੰ: 06/2012 ਅਧੀਨ ਉਪਵੈਦ ਦੀਆਂ 85 ਅਸਾਮੀਆਂ ਵਿੱਚੋਂ ਵੱਖ-ਵੱਖ ਕੈਟਾਗਰੀ ਦੀਆਂ ਖਾਲੀ ਰਹੀਆਂ ਅਸਾਮੀਆਂ ਦੀ ਭਰਤੀ ਕਰਨ ਲਈ ਕਾਊਂਸਲਿੰਗ ਮਿਤੀ 10/06/2022 ਨੂੰ ਸਵੇਰੇ 10.00 ਵਜੇ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੇ ਦਫਤਰ ਵਣ ਭਵਨ, ਸੈਕਟਰ 68, ਐਸ.ਏ.ਐਸ. ਨਗਰ ਵਿਖੇ ਰੱਖੀ ਗਈ ਹੈ। ਕਾਊਂਸਲਿੰਗ ਸ਼ਡਿਊਲ ਹੇਠ ਅਨੁਸਾਰ ਹੈ:-

| ਲੜੀ ਨੰ: | ਕੈਟਾਗਰੀ | ਚੋਣ ਵਿਧੀ ਅਨੁਸਾਰ ਉਪਵੈਦ ਦੇ ਡਿਪਲੋਮੇ ਦੀ ਮੈਰਿਟ | ਵਿਸ਼ੇਸ਼ ਕਥਨ |
|---|---|---|---|
| 1. | ਬੀ.ਸੀ. | 63% ਤੋਂ 65.9% ਤੱਕ | ਮਿਤੀ 23/12/2020 ਨੂੰ ਬੀ.ਸੀ. ਕੈਟਾਗਰੀ ਦੀ ਕਰਵਾਈ ਕਾਊਂਸਲਿੰਗ ਵਿੱਚ ਗੈਰਹਾਜ਼ਰ ਰਹੇ ਉਮੀਦਵਾਰਾਂ ਨੂੰ ਇੱਕ ਹੋਰ ਆਖਰੀ ਮੌਕਾ ਦਿੱਤਾ ਜਾਂਦਾ ਹੈ। |
| 2. | ਐਸ.ਸੀ.(ਐਮ. ਬੀ.) | 50% ਤੋਂ 52.9% ਤੱਕ | ਮਿਤੀ 22/12/2020 ਨੂੰ ਐਸ.ਸੀ. (ਐਮ.ਬੀ.) ਕੈਟਾਗਰੀ ਦੀ ਕਰਵਾਈ ਕਾਊਂਸਲਿੰਗ ਵਿੱਚ ਗੈਰਹਾਜ਼ਰ ਰਹੇ ਉਮੀਦਵਾਰਾਂ ਨੂੰ ਇੱਕ ਹੋਰ ਆਖਰੀ ਮੌਕਾ ਦਿੱਤਾ ਜਾਂਦਾ ਹੈ। |
| 3. | ਵਿਮੁਕਤ ਜਾਤੀ | 64% ਤੋਂ ਘੱਟ ਸਾਰੇ ਯੋਗ ਉਮੀਦਵਾਰ | ਮਿਤੀ 22/12/2020 ਨੂੰ ਐਸ.ਸੀ. (ਆਰ.ਓ.) ਕੈਟਾਗਰੀ ਦੀ ਕਰਵਾਈ ਕਾਊਂਸਲਿੰਗ ਵਿੱਚ ਗੈਰਹਾਜ਼ਰ ਰਹੇ ਵਿਮੁਕਤ ਜਾਤੀ ਦੇ ਉਮੀਦਵਾਰਾਂ ਨੂੰ ਇੱਕ ਹੋਰ ਆਖਰੀ ਮੌਕਾ ਦਿੱਤਾ ਜਾਂਦਾ ਹੈ। |

2. ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕਾਊਂਸਲਿੰਗ ਸਮੇਂ ਉਮੀਦਵਾਰ ਵੱਲੋਂ ਖੋਜ ਤੇ ਮੈਡੀਕਲ ਸਿੱਖਿਆ ਵਿਭਾਗ ਦੇ ਨੋਟੀਫਿਕੇਸ਼ਨ ਮਿਤੀ 05.03.2015 ਰਾਹੀਂ ਜਾਰੀ ਹਦਾਇਤਾਂ ਅਨੁਸਾਰ Board of Ayurvedic and Unani Systems of Medicine, Punjab ਪਾਸ ਰਜਿਸਟ੍ਰੇਸ਼ਨ ਦਾ ਸਰਟੀਫਿਕੇਟ ਪੇਸ਼ ਕਰਨਾ ਲਾਜ਼ਮੀ ਹੈ।

3. ਉਮੀਦਵਾਰ ਆਪਣੇ ਅਸਲ ਦਸਤਾਵੇਜਾਂ ਸਮੇਤ ਉੱਪਰ ਦਰਸਾਏ ਸ਼ਡਿਊਲ ਅਨੁਸਾਰ ਕਾਊਂਸਲਿੰਗ ਵਿੱਚ ਹਾਜ਼ਰ ਹੋਣਾ ਯਕੀਨੀ ਬਣਾਉਣ। ਇਸ ਸਬੰਧੀ ਹੋਰ ਮੌਕਾ ਨਹੀਂ ਦਿੱਤਾ ਜਾਵੇਗਾ। ਕਾਊਂਸਲਿੰਗ ਵਿੱਚ ਨਾਮ ਆ ਜਾਣ ਅਤੇ ਹਾਜਰ ਹੋਣ ਨਾਲ ਕੋਈ ਵੀ ਉਮੀਦਵਾਰ ਸਬੰਧਤ ਅਸਾਮੀ ਤੇ ਨਿਯੁਕਤੀ ਦਾ ਅਧਿਕਾਰੀ ਨਹੀਂ ਬਣ ਜਾਂਦਾ ।

4. ਉਪਰੋਕਤ ਤੋਂ ਇਲਾਵਾ ਕਾਊਂਸਲਿੰਗ ਲਈ ਦਰਸਾਈ ਗਈ ਮਿਤੀ ਅਤੇ ਸਮੇਂ ਤੇ ਕਾਊਂਸਲਿੰਗ ਲਈ ਬੋਰਡ ਦੇ ਦਫਤਰ ਵਿੱਚ ਹਾਜਰ ਹੋਣ ਸਮੇਂ ਉਮੀਦਵਾਰ ਹੇਠ ਲਿਖੇ ਦਸਤਾਵੇਜ/ ਸਰਟੀਫਿਕੇਟ ਦੀਆਂ ਸਵੈ-ਤਸਦੀਕ ਸ਼ੁਦਾ ਫੋਟੋ ਕਾਪੀਆਂ ਫਾਈਲ ਕਵਰ (ਨਾ ਕਿ ਪਲਾਸਟਿਕ ਦੇ ਫੋਲਡਰ ਵਿੱਚ) ਟੈਗ ਨਾਲ ਨੱਥੀ ਕਰਕੇ ਪੇਸ਼ ਕਰਨਾ ਯਕੀਨੀ ਬਣਾਉਣ।

ੳ) ਸਬੰਧਤ ਉਮੀਦਵਾਰ ਕਾਊਂਸਲਿੰਗ ਤੇ ਹਾਜਰ ਹੋਣ ਸਮੇਂ Annexure-A ਅਤੇ Annexure-B ਤੇ ਨੱਥੀ ਪ੍ਰੋਫਾਰਮਾ ਭਰ ਕੇ ਉਸ ਉੱਪਰ ਤਾਜਾ ਪਾਸਪੋਰਟ ਸਾਈਟ ਫੋਟੋ ਚਿਪਕਾ ਕੇ ਪੇਸ਼ ਕਰਨਗੇ;

ਅ) ਜਨਮ ਮਿਤੀ ਅਤੇ ਦਸਵੀਂ ਪੱਧਰ ਤੇ ਪੰਜਾਬੀ ਪਾਸ ਦੇ ਸਬੂਤ ਵਜੋਂ ਮੈਟਰਿਕ ਦਾ ਅਸਲ ਸਰਟੀਫਿਕੇਟ ;

ੲ) ਵਿਦਿਅਕ ਯੋਗਤਾ ਦੇ ਅਸਲ ਸਰਟੀਫਿਕੇਟ (ਡਿਟੇਲਡ ਮਾਰਕਸ ਕਾਰਡ ਅਤੇ ਡਿਗਰੀ);

ਸ) ਸ਼ਨਾਖਤੀ ਸਬੂਤ ਵਜੋਂ ਪੈਨ ਕਾਰਡ/ ਅਧਾਰ ਕਾਰਡ/ ਪਾਸਪੋਰਟ/ ਵੋਟਰ ਸ਼ਨਾਖਤੀ ਕਾਰਡ/ ਡਰਾਇਵਿੰਗ ਲਾਇੰਸਸ (ਕੋਈ ਇੱਕ)

ਹ) ਰਾਖਵੀਆਂ ਅਸਾਮੀਆਂ ਵਿਰੁੱਧ ਅਪਲਾਈ ਕੀਤੇ ਉਮੀਦਵਾਰਾਂ ਵਲੋਂ ਜਾਰੀ ਹਦਾਇਤਾਂ ਅਨੁਸਾਰ ਲੋੜੀਂਦੇ ਅਸਲ ਸਰਟੀਫਿਕੇਟ:

ਕ) ਰਾਖਵੀਆਂ ਸ੍ਰੇਣੀਆਂ ਦੀ ਉਮੀਦਵਾਰ ਪੰਜਾਬ ਦੇ ਨਿਵਾਸੀ ਹੋਣ ਦੇ ਸਬੂਤ ਵਜੋ ਤਾਜਾ ਜਾਰੀ ਕੀਤੇ (5 ਸਾਲ ਤੋਂ ਘੱਟ ਪੁਰਾਣਾ) ਰਿਹਾਇਸ਼ੀ ਸਰਟੀਫਿਕੇਟ:

ਖ) ਯੋਗਤਾ ਆਦਿ ਸਬੰਧੀ ਸਰਟੀਫਿਕੇਟਾਂ ਦੀਆਂ ਸਵੈ-ਤਸਦੀਕ ਫੋਟੋ ਕਾਪੀਆਂ, ਫਾਈਲ ਕਵਰ ਵਿੱਚ ਨੱਥੀ ਕਰਕੇ ਕਾਊਸਲਿੰਗ ਦੌਰਾਨ ਪੇਸ਼ ਕਰਨਾ ਯਕੀਨੀ ਬਣਾਉਣਗੇ।

**ਸਹੀ/-**

ਮਿਤੀ:ਐਸ.ਏ.ਐਸ. ਨਗਰ
27 ਮਈ,2022

ਚੇਅਰਮੈਨ
ਅਧੀਨ ਸੇਵਾਵਾਂ ਚੋਣ ਬੋਰਡ,ਪੰਜਾਬ

**Annexure-A**

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ
(S.S.S.BOARD, PUNJAB)
**ਵਣ ਭਵਨ** ਸੈਕਟ**ਰ** 68 ਐਸ **ਏ** ਐਸ ਨਗਰ

ਉਮੀਦਵਾਰ ਦੀ ਤਾਜਾ ਸਵੈ ਤਸਦੀਕਸ਼ੁਦਾ ਫੋਟੋ

ਇਸਤਿਹਾਰ ਨੰ:06/2012 – **ਉਪਵੈਦ** ਦੀਆਂ ਅਸਾਮੀਆਂ ਭਰਨ ਲਈ **ਅਪਲਾਈ ਕਰਨ ਵਾਲੇ** ਉਮੀਦਵਾਰਾਂ ਦੀ ਕਾਊਸਲਿੰਗ ਦੀ ਮਿਤੀ:__________________

ਅਪਲਾਈ ਕੀਤੀ ਗਈ **ਕੈਟਾਗਰੀ ਦਾ ਨਾਮ** ______________ **ਕੋਡ** ਨੰ:____________

1 ਐਪਲੀਕੇਸ਼ਨ ਨੰਬਰ __________________

2 ਉਮੀਦਵਾਰ ਦਾ ਨਾਂ____________________________ਪਿਤਾ ਦਾ ਨਾਂ :_____________________________

3. ਮਿਤੀ __________________(01.01.2012 ਨੂੰ ਉਮਰ) (ਸਾਲ______ਮਹੀਨਾ_______ ਦਿਨ_______)

4 ਕੀ ਦਸਵੀਂ ਪੱਧਰ ਦੀ ਪੰਜਾਬੀ ਪਾਸ ਹੈ? _____________________

5 ਰਿਹਾਇਸੀ ਪਤਾ ______________________________________________________________________

______________________________________________________________________

6. ਮੋਬਾਇਲ ਨੰਬਰ (1)________________________________(2)______________________________

7. Board of Ayurvedic and Unani Systems of Medicine, Punjab ਪਾਸ ਹੋਈ ਰਜਿਸਟ੍ਰੇਸ਼ਨ ਦਾ ਨੰਬਰ ਅਤੇ ਮਿਤੀ:-
ਨੰਬਰ:___________________ ਮਿਤੀ: ________________

**ਇਸ ਕਾਲਮ ਵਿੱਚ ਲੋੜੀਦੀ ਵਿਦਿਅਕ ਯੋਗਤਾ ਇਸ਼ਤਿਹਾਰ ਅਨੁਸਾਰ ਦਰਜ ਕੀਤੀ ਜਾਵੇ।**

| ਲੜੀ ਨੰ: | ਵਿਦਿਅਕ ਯੋਗਤਾ | ਬੋਰਡ/ ਯੂਨੀਵਰਸਿਟੀ | ਸਾਲ | ਕੁੱਲ ਅੰਕ | ਪ੍ਰਾਪਤ ਅੰਕ | ਪ੍ਰਾਪਤ ਪ੍ਰਤੀਸ਼ਤ |
|---|---|---|---|---|---|---|
| 1 | ਦਸਵੀਂ | | | | | |
| 2 | ਉਪਵੈਦ ਡਿਪਲੋਮਾ | | | | | |
| 3 | ਵਾਧੂ ਵਿਦਿਅਕ ਯੋਗਤਾ (ਜੇ ਕੋਈ ਹੋਵੇ ਤਾਂ) | | | | | |

1) ਤਸਦੀਕ ਕੀਤਾ ਜਾਂਦਾ ਹੈ ਕਿ ਮੇਰੇ ਵੱਲੋ ਭਰੇ ਗਏ ਉਪਰੋਕਤ ਵੇਰਵੇ ਸਹੀ ਵਾ ਦਰੁਸਤ ਹਨ।

2) ਅਰਜੀ ਨਾਲ ਨੱਥੀ ਦਸਤਾਵੇਜ ਮੇਰੇ ਵੱਲੋਂ ਪ੍ਰਮਾਣਿਤ ਕੀਤੇ ਜਾਂਦੇ ਹਨ।

3) ਉਪਰੋਕਤ ਜਾਣਕਾਰੀ ਅਤੇ ਦਸਤਾਵੇਜਾਂ ਦੀ ਫਾਈਲ ਜਮਾਂ ਕਰਵਾਉਣ ਵੇਲੇ ਮੇਰੇ ਵੱਲੋਂ ਕੋਈ ਵੀ ਤੱਥ ਨਾ ਛੁਪਾਇਆ ਗਿਆ ਹੈ ਅਤੇ ਨਾ ਹੀ ਝੂਠਾ/ਗਲਤ ਪੇਸ਼ ਕੀਤਾ ਗਿਆ ਹੈ।

4) ਅਸਲ ਦਸਤਾਵੇਜ ਦੇ ਸਹੀ ਨਾ ਪਾਉਣ ਤੇ ਮੈਂ ਆਪਣੇ ਵਿਰੁੱਧ ਬਣਦੀ ਸਿਵਲ ਅਤੇ ਫੌਜਦਾਰੀ ਕਾਨੂੰਨੀ ਕਾਰਵਾਈ ਦਾ ਭਾਗੀ ਹੋਵਾਂਗਾ/ਹੋਵਾਂਗੀ ਅਤੇ ਮੈਂ ਜਾਣੂ ਹਾਂ ਕਿ ਇਸ ਨਾਲ ਮੇਰੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ।

**ਪ੍ਰਾਰਥੀ ਦੇ ਹਸਤਾਖਰ**

**ਦਫਤਰੀ ਵਰਤੋ ਲਈ**

(ੳ) ਕਮੇਟੀ ਮੈਂਬਰ ਸਾਹਿਬਾਨ ਵਲੋਂ ਦਿੱਤੀ ਟਿੱਪਣੀ ਜੋ ਵੀ ਹੋਵੇ ________________________________
______________________________________________________________________

**ਕਮੇਟੀ ਮੈਂਬਰਾਂ ਦੇ ਹਸਤਾਖਰ** (1) ______________________(2)__________________

**Annexure-B**

**ਵਿੱਦਿਅਕ ਯੋਗਤਾ ਸਬੰਧੀ ਸਵੈ-ਘੋਸ਼ਣਾ/ ਤਸਦੀਕ ਪੱਤਰ**

**(ਬਾਬਤ ਇਸ਼ਤਿਹਾਰ ਨੰਬਰ 06/2012 ਉਪਵੈਦ ਦੀ ਕਾਊਂਸਲਿੰਗ ਸਬੰਧੀ)**

1) ਮੈਂ ____________________ ਪੁੱਤਰ/ ਪੁੱਤਰੀ ਸ਼੍ਰੀ ______________________ ਵਾਸੀ ________________ ________________________________________________________ ਰੋਲ ਨੰ:________________ ਅਧੀਨ ________________________ ਦੀ ਆਸਾਮੀ ਲਈ ਅਪਲਾਈ ਕੀਤਾ ਸੀ।

2) ਇਹ ਕਿ ਮੈਂ ਸਬੰਧਤ/ਉਪਰੋਕਤ ਪੋਸਟ ਲਈ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ/ਕਰਦੀ ਹਾਂ ਅਤੇ ਮੇਰੇ ਵੱਲੋਂ ਵੱਖ-ਵੱਖ ਯੂਨੀਸਿਟੀਆਂ ਤੋਂ ਪ੍ਰਾਪਤ ਵਿੱਦਿਅਕ ਯੋਗਤਾਵਾਂ, ਜੋ ਕਿ ਮੈਂ ਪਾਸ ਕੀਤੀਆਂ ਹਨ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਵਿਦਿਅਕ ਯੋਗਤਾ | ਯੂਨੀਵਰਸਿਟੀ /ਬੋਰਡ | ਸਾਲ | ਰੈਗੂਲਰ / ਡਿਸਟੈਂਸ / ਪ੍ਰਾਈਵੇਟ ਪੱਤਰ /ਵਿਹਾਰ ਰਾਹੀਂ | ਸੰਸਥਾ (ਸਕੂਲ/ਕਾਲਜ) ਦਾ ਨਾਮ | ਯੂਨੀਵਰਸਿਟੀ/ ਸਟੱਡੀ ਸੈਂਟਰ /ਸੰਸਥਾ ਦਾ ਨਾਮ ਅਤੇ ਪਤਾ ਜਿੱਥੇ ਲੈਕਚਰ ਲਗਾਏ ਗਏ। | ਪ੍ਰੀਖਿਆਂ ਕੇਂਦਰ ਦਾ ਨਾਮ ਤੇ ਪਤਾ | ਸੈਸ਼ਨ ਦੋਰਾਨ ਰਿਹਾਇਸ਼ ਦਾ ਪੂਰਾ ਵੇਰਵਾ | ਪ੍ਰਾਪਤ ਅੰਕ /ਕੁੱਲ ਅੰਕ ਅਤੇ ਪ੍ਰਤੀਸ਼ਤਤਾ |
|---|---|---|---|---|---|---|---|---|---|
| 1 | ਦਸਵੀ | | | | | | | | |
| 2 | **ਉਪਵੈਦ ਡਿਪਲੋਮਾ** | | | | | | | | |
| 3 | ਵਾਧੂ ਵਿਦਿਅਕ ਯੋਗਤਾ (ਜੇ ਕੋਈ ਹੋਵੇ ਤਾਂ) | | | | | | | | |

| ਲੜੀ ਨੰਬਰ | ਗਰੈਜੂਏਸ਼ਨ ਡਿਗਰੀ ਦੌਰਾਨ ਪੜੇ ਗਏ ਵਿਸ਼ੇ | ਪੜਾਉਣ ਵਾਲੇ ਅਧਿਆਪਕ ਦਾ ਨਾਂ | ਜਿੱਥੇ ਕਲਾਸ/ਲੈਕਚਰ ਲਗਾਏ ਗਏ |
|---|---|---|---|
| 1 | | | |
| 2 | | | |
| 3 | | | |
| 4 | | | |
| 5 | | | |

1) ਤਸਦੀਕ ਕੀਤਾ ਜਾਂਦਾ ਹੈ ਕਿ ਮੇਰੇ ਵੱਲੋ ਭਰੇ ਗਏ ਉਪਰੋਕਤ ਵੇਰਵੇ ਸਹੀ ਵਾ ਦਰੁਸਤ ਹਨ।

2) ਅਰਜੀ ਨਾਲ ਨੱਥੀ ਦਸਤਾਵੇਜ ਮੇਰੇ ਵੱਲੋਂ ਪ੍ਰਮਾਣਿਤ ਕੀਤੇ ਜਾਂਦੇ ਹਨ।

3) ਉਪਰੋਕਤ ਜਾਣਕਾਰੀ ਅਤੇ ਦਸਤਾਵੇਜਾਂ ਦੀ ਫਾਈਲ ਜਮਾਂ ਕਰਵਾਉਣ ਵੇਲੇ ਮੇਰੇ ਵੱਲੋਂ ਕੋਈ ਵੀ ਤੱਥ ਨਾ ਛੁਪਾਇਆ ਗਿਆ ਹੈ ਅਤੇ ਨਾ ਹੀ ਝੂਠਾ/ਗਲਤ ਪੇਸ਼ ਕੀਤਾ ਗਿਆ ਹੈ।

4) ਅਸਲ ਦਸਤਾਵੇਜ ਦੇ ਸਹੀ ਨਾ ਪਾਉਣ ਤੇ ਮੈਂ ਆਪਣੇ ਵਿਰੁੱਧ ਬਣਦੀ ਸਿਵਲ ਅਤੇ ਫੌਜਦਾਰੀ ਕਾਨੂੰਨੀ ਕਾਰਵਾਈ ਦਾ ਭਾਗੀ ਹੋਵਾਂਗਾ/ਹੋਵਾਂਗੀ ਅਤੇ ਮੈਂ ਜਾਣੂ ਹਾਂ ਕਿ ਇਸ ਨਾਲ ਮੇਰੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ।

**ਮਿਤੀ/ਸਥਾਨ:**

(ਬਿਆਨਕਰਤਾ)